**Model test paper**

**ਜਮਾਤ ਅੱਠਵੀਂ**

**ਵਿਸ਼ਾ - ਸਮਾਜਿਕ ਵਿਗਿਆਨ**

(2025-26)

ਸਮਾਂ- 3 ਘੰਟੇ ਕੁੱਲ ਅੰਕ- 80

I. ਸਾਰੇ ਪ੍ਰਸ਼ਨ ਜਰੂਰੀ ਹਨ।

II. ਪਸ਼ਨ ਪੱਤਰ ਦੇ ਛੇ ਭਾਗ (ੳ, ਅ, ੲ, ਸ, ਹ ਅਤੇ ਕ) ਹੋਣਗੇ।

III. ਭਾਗ ੳ ਪ੍ਰਸ਼ਨ ਨੰ 1 ਦੇ 10 ਉੱਪ ਭਾਗ ਹਨ। ਹਰੇਕ ਪਸ਼ਨ 1 ਅੰਕ ਦਾ ਹੋਵੇਗਾ ।

IV. ਭਾਗ ਅ ਪ੍ਰਸ਼ਨ ਨੰ 2 ਦੇ 10 ਉੱਪ ਭਾਗ ਹਨ। ਹਰੇਕ ਪਸ਼ਨ 1 ਅੰਕ ਦਾ ਹੋਵੇਗਾ ।

V. ਭਾਗ ੲ ਪ੍ਰਸ਼ਨ ਨੰ 3 ਦੇ 6 ਉੱਪ ਭਾਗ ਹਨ। ਹਰੇਕ ਪਸ਼ਨ 3 ਅੰਕ ਦਾ ਹੋਵੇਗਾ । ਹਰੇਕ ਪਸ਼ਨ ਦਾ ਉੱਤਰ 30 ਤੋਂ 50 ਸ਼ਬਦਾਂ ਵਿੱਚ ਹੋਣਾ ਚਾਹੀਦਾ ਹੈ।

VI. ਭਾਗ ਸ ਪ੍ਰਸ਼ਨ ਨੰ 4 ਦੇ 4 ਉੱਪ ਭਾਗ (100% ਅੰਦਰੂਨੀ ਛੋਟ) ਹਨ। ਹਰੇਕ ਪਸ਼ਨ 5 ਅੰਕ ਦਾ ਹੋਵੇਗਾ । ਹਰੇਕ ਪਸ਼ਨ ਦਾ ਉੱਤਰ 80 ਤੋਂ 100 ਸ਼ਬਦਾਂ ਵਿੱਚ ਹੋਣਾ ਚਾਹੀਦਾ ਹੈ।

VII. ਭਾਗ ਹ ਪ੍ਰਸ਼ਨ ਨੰ 5 ਸ੍ਰੋਤ ਅਧਾਰਿਤ ਹੈ। ਇਸ ਵਿੱਚ 6-6 ਅੰਕ ਦੇ ਦੋ ਪ੍ਰਸ਼ਨ ਇਤਿਹਾਸ ਅਤੇ ਨਾਗਿਰਕ ਸ਼ਾਸਤਰ ਭਾਗ ਵਿੱਚੋਂ ਹੋਣਗੇ।

VIII. ਭਾਗ ਕ ਪ੍ਰਸ਼ਨ ਨੰ 6 ਨਕਸ਼ੇ ਨਾਲ ਸੰਬੰਧਿਤ ਹੈ। ਇਸ ਪਸ਼ਨ ਵਿੱਚ ਭਾਰਤ ਦੇ ਨਕਸ਼ੇ ਵਿੱਚ 7 ਸਥਾਨ ਭੂਗੋਲ ਭਾਗ ਅਤੇ 3 ਸਥਾਨ ਇਤਿਹਾਸ ਭਾਗ ਵਿੱਚੋਂ ਅਤੇ ਕੁੱਲ 10 ਸਥਾਨ ਭਰਨੇ ਹੋਣਗੇ । ਹਰੇਕ ਸਥਾਨ ਲਈ 1 ਅੰਕ ਹੈ।

## ਭਾਗ- ੳ

1. ਸਹੀ ਵਿਕਲਪ ਦੀ ਚੋਣ ਕਰੋ। ਸਾਰੇ ਪ੍ਰਸ਼ਨ ਜਰੂਰੀ ਹਨ। 10 X 1 = 10 ਅੰਕ

I. ਅਜਿਹੇ ਕੁਦਰਤੀ ਜਾਂ ਮਨੁੱਖ ਦੁਆਰਾ ਬਣਾਏ ਗਏ ਅਰਥਵਾਨ ਪਦਾਰਥ ਜੋ ਮਨੁੱਖ ਦੀਆਂ ਲੋੜਾਂ ਦੀ ਪੂਰਤੀ ਕਰਦੇ ਹਨ, ਕੀ ਅਖਵਾਉਂਦੇ ਹਨ?

ੳ) ਸਾਧਨ ਅ) ਮਨੱਖੀ ਸਾਧਨ

ੲ) ਕੁਦਰਤੀ ਸਾਧਨ ਸ) ਕੁਦਰਤੀ ਬਨਸਪਤੀ

II. ਲੋਹਾ, ਤਾਂਬਾ, ਚਾਂਦੀ, ਸੋਨਾ ਆਦਿ ਕਿਹੜੇ ਖਣਿਜ ਪਦਾਰਥ ਹਨ੍?

(ੳ) ਧਾਤੂ ਖਣਿਜ (ਅ) ਅਧਾਤੂ ਖਣਿਜ

(ੲ) ਪ੍ਰਮਾਣੂ ਖਣਿਜ (ਸ) ਉਪਰੋਕਤ ਕੋਈ ਨਹੀਂ

III. ਭੂਚਾਲ ਆਉਣ ਕਾਰਨ ਕਿੰਨਾ ਨੁਕਸਾਨ ਹੋਇਆ ਹੈ, ਇਸਨੂੰ ਮਾਪਣ ਵਾਲੇ ਪੈਮਾਨੇ ਨੂੰ ਕੀ ਕਹਿੰਦੇ ਹਨ੍?

(ੳ) ਰਿਕਟਰ ਪੈਮਾਨਾ (ਅ) ਮਰਕਾਲੀ ਪੈਮਾਨਾ

(ੲ) ਥਰਮਾਮੀਟਰ (ਸ) ਸਿਜਮੋਗਰਾਫ਼

IV. ਡੱਚ ਲੋਕਾਂ ਨੇ ਭਾਰਤ ਵਿੱਚ ਹੇਠ ਲਿਖੀਆਂ ਬਸਤੀਆਂ ਵਿਚੋਂ ਕਿਹੜੀ ਬਸਤੀ ਸਥਾਪਤ ਨਹੀਂ ਕੀਤੀ ਸੀ?

(ੳ) ਕੋਚੀਨ (ਅ)ਸੂਰਤ

(ੲ) ਪੁਲੀਕਟ (ਸ)ਬੰਬਈ

V. ਕਿਸ ਐਕਟ ਦੁਆਰਾ ਇੰਗਲੈਂਡ ਵਿੱਚ ਬੋਰਡ ਆਫ਼ ਕੰਟਰੋਲ ਦੀ ਸਥਾਪਨਾ ਕੀਤੀ ਗਈ?

(ੳ) ਚਾਰਟਰ ਐਕਟ 1833 ਈ: (ਅ) ਪਿਟਸ ਇੰਡੀਆ ਐਕਟ 1784 ਈ:

(ੲ) ਰੈਗੂਲੇਕਟਿੰਗ ਐਕਟ 1773 ਈ: (ਸ) ਚਾਰਟਰ ਐਕਟ 1853 ਈ:

VI. ਖਾਸੀਸ ਕਬੀਲੇ ਦਾ ਮੋਢੀ ਕੌਣ ਸੀ?

(ੳ) ਬਿਰਸਾ ਮੁੰਡਾ (ਅ) ਜੈਪਾਲ

(ੲ) ਤੀਰੁੱਤ ਸਿੰਘ (ਸ) ਮਾਨ ਸਿੰਘ

VII. ਭਾਰਤ ਵਿੱਚ ਸੂਤੀ ਕੱਪ੍ੜੇ ਦਾ ਪਹਿਲਾ ਕਾਰਖਾਨਾ ਕਦੋਂ ਅਤੇ ਕਿਥੇ ਖੋਲ੍ਹਿਆ ਗਿਆ?

(ੳ) ਪੋਰਬੰਦਰ 1853 ਈ. (ਅ) ਕੁਰੂਕਸ਼ੇਤਰ 1853 ਈ.

(ੲ) ਬੰਬਈ 1853 ਈ. (ਸ) ਭਾਗਲਪੁਰ 1853 ਈ.

VIII. ਭਾਰਤ ਦਾ ਸੰਵਿਧਾਨ ਕਦੋਂ ਲਾਗੂ ਕੀਤਾ ਗਿਆ ਸੀ ?

(ੳ) 26 ਨਵੰਬਰ 1949 (ਅ) 26 ਜਨਵਰੀ 1950

(ੲ) 26 ਜਨਵਰੀ 1930 (ਸ) 26 ਜਨਵਰੀ 1949

IX. ਸੰਵਿਧਾਨ ਸਭਾ ਦੀ ਮਸੌਦਾ ਕਮੇਟੀ ਦੇ ਪ੍ਰਧਾਨ ਕੌਣ ਸਨ ?

ੳ) ਡਾ.ਰਾਜਿੰਦਰ ਪ੍ਰਸਾਦ ਅ) ਡਾ.ਬੀ.ਆਰ.ਅੰਬੇਡਕਰ

ੲ) ਮਹਾਤਮਾ ਗਾਂਧੀ ਸ) ਪੰਡਿਤ ਜਵਾਹਰ ਲਾਲ ਨਹਿਰੂ

X. ਸੁਪਰੀਮ ਕੋਰਟ ਨੂੰ ਵਿਸ਼ੇਸ਼ ਅਧਿਕਾਰ ਸੰਵਿਧਾਨ ਦੀ ਕਿਸ ਧਾਰਾ ਅਧੀਨ੍ ਪ੍ਰਾਪਤ ਹਨ?

(ੳ) ਧਾਰਾ 134 (ਅ) ਧਾਰਾ 135

(ੲ) ਧਾਰਾ 136 (ਸ) ਧਾਰਾ 137

ਭਾਗ- ਅ

2. ਵਸਤੂਨਿਸ਼ਠ ਪ੍ਰਸ਼ਨ - 10 X 1 = 10 ਅੰਕ

**ਖਾਲੀ ਥਾਵਾਂ ਭਰੋ-**

I. _______ ਕੋਡ ਚੈੱਕ ਨੂੰ ਫੰਡ ਲੈਣ ਵਾਲੇ ਖਾਤੇ ਤੱਕ ਭੇਜਨ੍ ਵਿੱਚ ਸਹਾਈ ਹੁੰਦਾ ਹੈ।

II. ਭਾਰਤ ਵਿੱਚ 16ਵੀਂ ਸਦੀ ਵਿੱਚ __________ ਕਾਲ ਸੀ।

III. ਜੋਤੀਬਾ ਫੂਲੇ ਨੂੰ __________ ਦੀ ਉਪਾਧੀ ਨਾਲ ਸਨਮਾਨਿਤ ਕੀਤਾ ਗਿਆ।

IV. ਭਾਰਤ ਦੀ ਸਭ ਤੋਂ ਵੱਡੀ ਅਦਾਲਤ _________ ਹੈ।

**ਸਹੀ ਜਾਂ ਗਲਤ ਦਾ ਨਿਸ਼ਾਨ ਲਗਾਓ-**

V. ਭਾਰਤ ਵਿੱਚ ਤੂਫ਼ਾਨ੍ ਨੂੰ ਹਰੀਕੇਨ ਵੀ ਕਿਹਾ ਜਾਂਦਾ ਹੈ। ( )

VI. ਮੈਰੀਨਾ ਬੀਚ (ਸਮੁੰਦਰੀ ਕਿਨਾਰਾ) 10 ਕਿਲੋਮੀਟਰ ਲੰਬਾ ਹੈ। ( )

VII. ਡਾਂਡੀ ਨਾਮਕ ਸਥਾਨ ਤੇ ਮਹਾਤਮਾ ਗਾਂਧੀ ਜੀ ਨੇ ਨਮਕ ਕਾਨੂੰਨ ਤੋੜਿਆ। ( )

**ਇੱਕ ਤੋਂ 15 ਸ਼ਬਦਾਂ ਵਿਚ ਉੱਤਰ ਲਿਖੋ-**

VIII. ਅਨਾਜ ਫਸਲਾਂ ਦੇ ਨਾਂ ਲਿਖੋ।

IX. ਮਦਰਾਸ ਸ਼ਹਿਰ ਵਿੱਚ ਵੇਖਣਯੋਗ ਸਥਾਨ ਕਿਹੜੇ ਹਨ?

X. ਇਕ ATM ਕਾਰਡ ਨਾਲ ਕੀ-ਕੀ ਹੋ ਸਕਦਾ ਹੈ?

ਭਾਗ- ੲ

3. ਛੋਟੇ ਉੱਤਰਾਂ ਵਾਲੇ ਪ੍ਰਸ਼ਨ। 30 ਤੋਂ 50 ਸ਼ਬਦਾਂ ਵਿੱਚ ਉੱਤਰ ਦਿਓ- 6 X 3 = 18 ਅੰਕ

I. ਪੱਤਝੜ ਜੰਗਲਾਂ ਤੇ ਨੋਟ ਲਿਖੋ।

II. ਆਫਤਾਂ ਮਨੁੱਖ ਨੂੰ ਕਿਸ ਤਰ੍ਹਾਂ ਪ੍ਰਭਾਵਿਤ ਕਰਦੀਆਂ ਹਨ?

III. ਪੱਛਮੀ ਸਿਖਿਆ ਪ੍ਰਣਾਲੀ ਦੇ ਪ੍ਰਭਾਵ ਦੱਸੋ।

IV. ਅਜਾਦ ਹਿੰਦ ਫੌਜ ਤੇ ਨੋਟ ਲਿਖੋ।

V. ਸੰਵਿਧਾਨ ਦੀ ਪ੍ਰਸਤਾਵਨਾ ਦੀ ਕੀ ਮਹੱਤਤਾ ਹੈ?

VI. ਭਾਰਤ ਵਿਚ ਸੰਸਦੀ ਸ਼ਾਸ਼ਨ ਪ੍ਰਣਾਲੀ ਹੀ ਕਿਉਂ ਲਾਗੂ ਕੀਤੀ ਗਈ?

ਭਾਗ- ਸ

4. ਹਰੇਕ ਪਸ਼ਨ ਦਾ ਉੱਤਰ 80 ਤੋਂ 100 ਸ਼ਬਦਾਂ ਵਿਚ ਦਿਓ- 4 X 5 = 20 ਅੰਕ

I. ਜੀਵ ਅਤੇ ਨਿਰਜੀਵ ਸਾਧਨਾਂ ਵਿੱਚ ਅੰਤਰ ਸਪੱਸ਼ਟ ਕਰੋ।

ਜਾਂ

ਭੂਮੀ ਅਤੇ ਮਿੱਟੀ ਸਾਧਨਾਂ ਦੀ ਮਹੱਤਤਾ ਤੇ ਇੱਕ ਨੋਟ ਲਿਖੋ।

II. ਸਵਦੇਸ਼ੀ ਅਤੇ ਬਾਈਕਾਟ ਅੰਦੋਲਨ ਤੋਂ ਤੁਸੀਂ ਕੀ ਸਮਝਦੇ ਹੋ?

ਜਾਂ

ਕ੍ਰਾਂਤੀਕਾਰੀ ਅੰਦੋਲਨ ਤੇ ਨੋਟ ਲਿਖੋ।

III. ਗੁੱਟ ਨਿਰਲੇਪ ਤੇ ਨੋਟ ਲਿਖੋ।

ਜਾਂ

ਭਾਰਤ ਅਤੇ ਪਾਕਿਸਤਾਨ ਦੇ ਸੰਬੰਧਾਂ ਦਾ ਸੰਖੇਪ ਵਰਣਨ ਕਰੋ।

IV. ਸ਼ੋਸ਼ਣ ਵਿਰੁੱਧ ਅਧਿਕਾਰ ਦੀ ਵਿਆਖਿਆ ਕਰੋ।

ਜਾਂ

ਸਿਖਿਆ ਦੇ ਅਧਿਕਾਰ ਤੇ ਸੰਖੇਪ ਨੋਟ ਲਿਖੋ।

ਭਾਗ- ਹ

5. ਸਰੋਤ ਅਧਾਰਿਤ ਪ੍ਰਸ਼ਨ। 2 X 6 = 12 ਅੰਕ

ੳ) 19ਵੀਂ ਸਦੀ ਦੇ ਸ਼ੁਰੂ ਵਿੱਚ, ਭਾਰਤੀ ਸਮਾਜ ਵਿੱਚ ਔਰਤਾਂ ਦੀ ਸਥਿਤੀ ਤਰਸਯੋਗ ਸੀ। ਸਤੀ ਪ੍ਰਥਾ, ਜਿਸ ਵਿੱਚ ਵਿਧਵਾਵਾਂ ਨੂੰ ਆਪਣੇ ਪਤੀ ਦੀ ਮੌਤ ਤੋਂ ਬਾਅਦ ਚਿਤਾ ਵਿੱਚ ਜਲਣ ਲਈ ਮਜਬੂਰ ਕੀਤਾ ਜਾਂਦਾ ਸੀ, ਸਮਾਜ ਵਿੱਚ ਇੱਕ ਭਿਆਨਕ ਰਿਵਾਜ ਸੀ। ਇਹ ਪ੍ਰਥਾ ਨਾ ਸਿਰਫ਼ ਔਰਤਾਂ ਦੇ ਜੀਵਨ ਨੂੰ ਖਤਮ ਕਰਦੀ ਸੀ, ਸਗੋਂ ਸਮਾਜ ਵਿੱਚ ਉਹਨਾਂ ਦੀ ਮਹੱਤਤਾ ਨੂੰ ਵੀ ਨਕਾਰਦੀ ਸੀ। ਰਾਜਾ ਰਾਮ ਮੋਹਨ ਰਾਏ ਨੇ ਇਸ ਅਨਿਆਂ ਦੇ ਵਿਰੁੱਧ ਆਵਾਜ਼ ਉਠਾਈ। ਉਹਨਾਂ ਨੇ ਲੋਕਾਂ ਨੂੰ ਸਮਝਾਇਆ ਕਿ ਸਤੀ ਪ੍ਰਥਾ ਮਨੁੱਖੀ ਅਧਿਕਾਰਾਂ ਦੇ ਅਨੁਕੂਲ ਨਹੀਂ ਹੈ। ਉਹਨਾਂ ਨੇ ਅੰਗਰੇਜ਼ ਸਰਕਾਰ ਨਾਲ ਮਿਲ ਕੇ 1829 ਵਿੱਚ ਸਤੀ ਪ੍ਰਥਾ ਨੂੰ ਗੈਰਕਾਨੂੰਨੀ ਘੋਸ਼ਿਤ ਕਰਵਾਇਆ। ਇਸ ਸੁਧਾਰ ਨੇ ਔਰਤਾਂ ਨੂੰ ਇੱਕ ਨਵਾਂ ਜੀਵਨ ਦਿੱਤਾ ਅਤੇ ਸਮਾਜ ਵਿੱਚ ਉਹਨਾਂ ਦੀ ਸੁਰੱਖਿਆ ਨੂੰ ਮਜ਼ਬੂਤ ਕੀਤਾ। ਰਾਜਾ ਰਾਮ ਮੋਹਨ ਰਾਏ ਨੇ ਔਰਤਾਂ ਦੀ ਸਿੱਖਿਆ ਅਤੇ ਸਮਾਜਿਕ ਸਮਾਨਤਾ ਦੀ ਵੀ ਵਕਾਲਤ ਕੀਤੀ, ਜਿਸ ਨੇ ਔਰਤਾਂ ਦੇ ਅਧਿਕਾਰਾਂ ਨੂੰ ਮੁੜ ਪਰਿਭਾਸ਼ਿਤ ਕਰਨ ਵਿੱਚ ਮਦਦ ਕੀਤੀ।

ਉਪਰੋਕਤ ਪੈਰ੍ਹੇ ਨੂੰ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ-

I. ਸਤੀ ਪ੍ਰਥਾ ਤੋਂ ਤੁਸੀਂ ਕੀ ਸਮਝਦੇ ਹੋ? (2)

II. ਸਤੀ ਪ੍ਰਥਾ ਦੇ ਔਰਤਾਂ ਦੇ ਜੀਵਨ ਉੱਤੇ ਕੀ ਬੁਰੇ ਪ੍ਰਭਾਵ ਸਨ ? (2)

III. ਰਾਜਾ ਰਾਮ ਮੋਹਨ ਰਾਏ ਦੇ ਸਮਾਜਿਕ ਬੁਰਾਈਆਂ ਖਤਮ ਕਰਨ ਲਈ ਪਾਏ ਯੋਗਦਾਨ ਬਾਰੇ ਲਿਖੋ। (2)

ਅ) ਆਰਥਿਕ ਅਸਮਾਨਤਾ ਦਾ ਅਰਥ ਹੈ—ਕੁਝ ਲੋਕਾਂ ਕੋਲ ਬਹੁਤ ਜ਼ਿਆਦਾ ਧਨ ਹੋਣਾ ਅਤੇ ਬਾਕੀਆਂ ਕੋਲ ਬੁਨਿਆਦੀ ਜ਼ਰੂਰਤਾਂ ਦੀ ਵੀ ਕਮੀ। ਇਹ ਅਸਮਾਨਤਾ ਸਿਰਫ ਆਮਦਨ ਤੱਕ ਸੀਮਿਤ ਨਹੀਂ, ਸਗੋਂ ਸਿੱਖਿਆ, ਸਿਹਤ, ਰੋਜ਼ਗਾਰ ਅਤੇ ਜੀਵਨ ਦੇ ਮੌਕਿਆਂ 'ਤੇ ਵੀ ਪ੍ਰਭਾਵ ਪਾਂਦੀ ਹੈ। ਜਦੋਂ ਸਮਾਜ ਵਿੱਚ ਕੁਝ ਲੋਕ ਵਿਲਾਸਤਾ ਦੀ ਜ਼ਿੰਦਗੀ ਜੀ ਰਹੇ ਹੁੰਦੇ ਹਨ ਅਤੇ ਹੋਰ ਲੋਕ ਦਿਨ-ਰਾਤ ਮਿਹਨਤ ਕਰਕੇ ਵੀ ਆਪਣੀ ਜ਼ਰੂਰਤਾਂ ਪੂਰੀ ਨਹੀਂ ਕਰ ਸਕਦੇ, ਤਾਂ ਇਹ ਅਸਮਾਨਤਾ ਸਮਾਜਿਕ ਤਣਾਅ ਪੈਦਾ ਕਰਦੀ ਹੈ। ਸਰਕਾਰ ਵੱਲੋਂ ਆਰਥਿਕ ਅਸਮਾਨਤਾ ਨੂੰ ਘਟਾਉਣ ਲਈ ਕਈ ਯੋਜਨਾਵਾਂ ਚਲਾਈਆਂ ਜਾਂਦੀਆਂ ਹਨ, ਜਿਵੇਂ ਕਿ ਮਗਨਰੇਗਾ, ਮੁਫਤ ਅਨਾਜ ਅਤੇ ਸਿੱਖਿਆ ਲਈ ਆਰਥਿਕ ਮਦਦ ਆਦਿ। ਪਰ ਇਹ ਯੋਜਨਾਵਾਂ ਤਦ ਹੀ ਸਫਲ ਹੋ ਸਕਦੀਆਂ ਹਨ ਜਦੋਂ ਉਹਨਾਂ ਦੀ ਲਾਗੂ ਕਰਨ ਦੀ ਪ੍ਰਕਿਰਿਆ ਪਾਰਦਰਸ਼ੀ ਹੋਵੇ ਅਤੇ ਲੋਕਾਂ ਤੱਕ ਪਹੁੰਚ ਬਣੇ। ਆਰਥਿਕ ਨਿਆਂ ਦੇ ਬਿਨਾਂ ਸਮਾਜਿਕ ਨਿਆਂ ਅਸੰਭਵ ਹੈ।

ਉਪਰੋਕਤ ਪੈਰ੍ਹੇ ਨੂੰ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ-

I. ਆਰਥਿਕ ਅਸਮਾਨਤਾ ਦੇ ਨੁਕਸਾਨ ਕੀ ਹਨ? (2)

II. ਆਰਥਿਕ ਨਿਆਂ ਦੇ ਬਿਨਾਂ ਸਮਾਜਿਕ ਨਿਆਂ ਅਸੰਭਵ ਹੈ"—ਇਸ ਵਾਕ ਦਾ ਅਰਥ ਸਮਝਾਓ। (2)

III. ਆਰਥਿਕ ਅਸਮਾਨਤਾ ਨੂੰ ਘਟਾਉਣ ਲਈ ਸਰਕਾਰ ਵੱਲੋਂ ਕੀ ਉਪਾਅ ਕੀਤੇ ਜਾ ਰਹੇ ਹਨ?(2)

ਭਾਗ- ਕ

6. ਨਕਸ਼ਾ ਭਰੋ- 10 X 1 = 10 ਅੰਕ

ੳ) ਹੇਠ ਲਿਖਿਆਂ ਵਿੱਚੋਂ ਕੋਈ 7 ਸਥਾਨ ਭਾਰਤ ਦੇ ਨਕਸ਼ੇ ਵਿੱਚ ਭਰੋ-

I. ਭਾਰਤ ਦੇ ਉੱਤਰੀ ਮੈਦਾਨ
II. ਗੰਗਾ ਅਤੇ ਬ੍ਰਹਮਪੁੱਤਰ ਦਰਿਆ
III. ਕਾਲੀ ਮਿੱਟੀ ਵਾਲਾ ਇੱਕ ਰਾਜ
IV. ਕੱਚੇ ਲੋਹੇ ਵਾਲਾ ਇੱਕ ਖੇਤਰ
V. ਸੋਨਾ ਪੈਦਾ ਕਰਨ ਵਾਲਾ ਇੱਕ ਰਾਜ
VI. ਅਬਰਕ ਵਾਲਾ ਇਕ ਰਾਜ
VII. ਚਾਹ ਪੈਦਾ ਕਰਨ ਵਾਲਾ ਇੱਕ ਰਾਜ
VIII. ਕਣਕ ਪੈਦਾ ਕਰਨ ਵਾਲਾ ਇੱਕ ਰਾਜ
IX. ਕਪਾਹ ਪੈਦਾ ਕਰਨ ਵਾਲਾ ਇੱਕ ਰਾਜ
X. ਪਟਸਨ ਪੈਦਾ ਕਰਨ ਵਾਲਾ ਇੱਕ ਰਾਜ

ਅ) ਹੇਠ ਲਿਖਿਆਂ ਵਿੱਚੋਂ ਕੋਈ 3 ਸਥਾਨ ਭਾਰਤ ਦੇ ਨਕਸ਼ੇ ਵਿੱਚ ਭਰੋ-

I. ਇਜਾਰੇਦਾਰੀ ਪ੍ਰਬੰਧ ਵਾਲਾ ਇੱਕ ਰਾਜ
II. ਸਥਾਈ ਬੰਦੋਬਸਤ ਵਾਲਾ ਇੱਕ ਰਾਜ
III. ਮੇਰਠ
IV. ਦਿੱਲੀ
V. ਕਾਨ੍ਹਪੁਰ